DUMFRIES AND GALLOWAY
Health and Social Care Partnership

# ਹੋਮ ਟੀਮਸ

## ਡਮਫ੍ਰਾਈ ਅਤੇ ਗੈਲੋਵੇ

ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਭਾਸ਼ਾ ਜਾਂ ਫਾਰਮੈੱਟ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ ਮਰੀਜ਼ ਸੇਵਾਵਾਂ ਨਾਲ 01387 272 733 ‘ਤੇ ਜਾਂ dg.patientservices@nhs.scot ‘ਤੇ ਸੰਪਰਕ ਕਰੋ।

# ਹੋਮ ਟੀਮ ਕੀ ਹੈ?



ਹੋਮ ਟੀਮ ਬਹੁ-ਅਨੁਸ਼ਾਸਨੀ ਪੇਸ਼ੇਵਰਾਂ ਦੀ ਇੱਕ ਟੀਮ ਹੈ ਜੋ ਤੁਹਾਡੀਆਂ ਲੋੜਾਂ ਅਤੇ ਸਿੱਟਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਮਿਲ ਕੇ ਕੰਮ ਕਰਦੇ ਹਨ।

ਡਮਫ੍ਰਾਈ ਅਤੇ ਗੈਲੋਵੇ ਦੇ ਵਿੱਚ ਅੱਠ ਹੋਮ ਟੀਮਾਂ ਹਨ। ਤੁਹਾਡੇ ਭਾਈਚਾਰੇ ਵਿੱਚ ਇੱਕ ਟੀਮ ਹੈ ਅਤੇ ਇਹ GP ਮਾਹਰ ਨਾਲ ਜੁੜੀ ਹੋਈ ਹੈ।

ਹੋਮ ਟੀਮਾਂ ਘਰੇ ਰਹਿ ਕੇ ਇੱਕ ਸੁਤੰਤਰ ਅਤੇ ਸਿਹਤਮੰਦ ਜ਼ਿੰਦਗੀ ਜਿਉਣ ਲਈ ਤੁਹਾਨੂੰ ਪ੍ਰੋਤਸਾਹਿਤ ਅਤੇ ਸਮਰਥਨ ਕਰਦੀਆਂ ਹਨ। ਪਰਿਵਾਰ, ਦੋਸਤ, ਦੇਖਭਾਲਕਰਤਾ ਅਤੇ ਭਾਈਚਾਰਕ ਸੇਵਾਵਾਂ ਉਸ ਸਮਰਥਨ ਦਾ ਹਿੱਸਾ ਹੋ ਸਕਦੀਆਂ ਹਨ।

ਜੇਕਰ ਤੁਸੀਂ ਘਰੇ ਰਹਿਣ ਲਈ ਕਾਫ਼ੀ ਤੰਦਰੁਸਤ ਅਤੇ ਸੁਰੱਖਿਅਤ ਹੋ ਤਾਂ ਹੋਮ ਟੀਮ ਤੁਹਾਡੀ ਘਰ ਵਿੱਚ ਰਹਿ ਕੇ ਸਹਾਇਤਾ ਕਰ ਸਕਦੀ ਹੈ ਜਿਸ ਨਾਲ ਤੁਹਾਨੂੰ ਹਸਪਤਾਲ ਜਾਣ ਦੀ ਲੋੜ ਨਹੀਂ ਪਵੇਗੀ।

# ਹੋਮ ਟੀਮਾਂ ਦੇ ਕੀ ਫਾਇਦੇ ਹਨ?

ਹੋਮ ਟੀਮ ਹਸਪਤਾਲ ਤੋਂ ਛੁੱਟੀ ਲੈਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ ਜਦੋਂ ਤੁਸੀਂ ਕਾਫ਼ੀ ਤੰਦਰੁਸਤ ਹੁੰਦੇ ਹੋ ਅਤੇ ਅਜਿਹਾ ਕਰਨਾ ਸੁਰੱਖਿਅਤ ਹੁੰਦਾ ਹੈ। ਹੋਰ ਕੋਈ ਵੀ ਮੁਲਾਂਕਣ ਤੁਹਾਡੇ ਘਰ ਦੇ ਜਾਣੇ-ਪਛਾਣੇ ਮਹੌਲ ਵਿੱਚ ਪੂਰੇ ਕੀਤੇ ਜਾਣਗੇ। ਇਹ ਸਟਾਫ਼ ਨੂੰ ਤੁਹਾਡੀ ਲੋੜ ਅਨੁਸਾਰ ਵਧੇਰੇ ਸਟੀਕ ਤਸਵੀਰ ਇਕੱਤਰ ਕਰਨ ਦੀ ਆਗਿਆ ਦਿੰਦਾ ਹੈ। ਹੋਮ ਟੀਮ ਦਾ ਸਟਾਫ਼ ਤੁਹਾਡੇ, ਤੁਹਾਡੇ ਪਰਿਵਾਰ ਅਤੇ ਦੇਖਭਾਲਕਰਤਾਵਾਂ ਨਾਲ ਚਰਚਾ ਕਰੇਗਾ ਕਿ ਨਿਰੰਤਰ ਸਮਰਥਨ ਕਿਸ ਤਰ੍ਹਾਂ ਦਾ ਹੋਵੇਗਾ ਅਤੇ ਉਸ ਅਨੁਸਾਰ ਉਸਦਾ ਪ੍ਰਬੰਧ ਕਰੇਗਾ।

# ਮੈਨੂੰ ਹੋਮ ਟੀਮ ਨੂੰ ਕਿਵੇਂ ਰੈਫ਼ਰ ਕੀਤਾ ਜਾਵੇਗਾ?

1. ਜੇਕਰ ਤੁਸੀਂ ਖੇਤਰ ਦੇ ਕਿਸੇ ਵੀ ਹਸਪਤਾਲ ਵਿੱਚ ਮਰੀਜ਼ ਦੇ ਤੌਰ 'ਤੇ ਭਰਤੀ ਹੋ ਤਾਂ ਘਰ ਲਈ ਤੁਹਾਡੀ ਛੁੱਟੀ ਦਾ ਸਮਰਥਨ ਕਰਨ ਲਈ ਵਾਰਡ ਸਟਾਫ਼ ਵੱਲੋਂ ਤੁਹਾਨੂੰ ਹੋਮ ਟੀਮ ਨੂੰ ਰੈਫ਼ਰ ਕੀਤਾ ਜਾ ਸਕਦਾ ਹੈ।
2. ਜੇਕਰ ਤੁਹਾਡੇ GP ਨੂੰ ਲੱਗਦਾ ਹੈ ਕਿ ਤੁਹਾਨੂੰ ਘਰ ਵਿਖੇ ਸਹਾਇਤਾ ਅਤੇ ਸਮਰਥਨ ਦੀ ਲੋੜ ਹੋ ਸਕਦੀ ਹੈ ਤਾਂ ਉਹ ਤੁਹਾਨੂੰ ਹੋਮ ਟੀਮ ਨੂੰ ਰੈਫ਼ਰ ਕਰ ਸਕਦੇ ਹਨ (ਜਾਂ ਉਹ ਤੁਹਾਨੂੰ ਆਪਣੀ ਮਰਜੀ ਨਾਲ ਟੀਮ ਕੋਲ ਜਾਣ ਦੀ ਸਲਾਹ ਵੀ ਦੇ ਸਕਦੇ ਹਨ।)
3. ਤੁਸੀਂ ਖੁਦ, ਕਿਸੇ ਰਿਸ਼ਤੇਦਾਰ, ਗੁਆਂਢੀ ਜਾਂ ਆਪਣੀ ਜਾਣ-ਪਛਾਣ ਦੇ ਕਿਸੇ ਵੀ ਵਿਅਕਤੀ ਨੂੰ ਰੈਫ਼ਰ ਕਰ ਸਕਦੇ ਹੋ ਜਿਸ ਨੂੰ ਤੁਹਾਡੇ ਅਨੁਸਾਰ ਹੋਮ ਟੀਮ ਤੋਂ ਸਹਾਇਤਾ ਅਤੇ ਸਮਰਥਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਸੀਂ ਖੁਦ ਲਈ ਜਾਂ ਆਪਣੇ ਜਾਣ-ਪਛਾਣ ਦੇ ਕਿਸੇ ਵਿਅਕਤੀ ਲਈ ਰੈਫ਼ਰਲ ਕਰਨਾ ਚਾਹੁੰਦੇ ਹੋ ਤਾਂ **ਸਿੰਗਲ ਐਕਸੈਸ ਪੌਇੰਟ (SAP) 'ਤੇ 030 33 33 3001 'ਤੇ**ਟੈਲੀਫੋਨ ਕਰੋ। ਕਾਲ ਚੁੱਕਣ ਵਾਲਾ ਤੁਹਾਡੇ ਤੋਂ ਤੁਹਾਡੀ ਜਾਂ ਜਿਸ ਵਿਅਕਤੀ ਲਈ ਤੁਸੀਂ ਕਾਲ ਕੀਤੀ ਹੈ ਉਸਦੀ ਵਿਸਤ੍ਰਿਤ ਜਾਣਕਾਰੀ ਦੀ ਮੰਗ ਕਰੇਗਾ। ਕਾਲ ਸਲਾਹਕਾਰ ਹੋਮ ਟੀਮ ਨੂੰ ਰੈਫ਼ਰਲ ਭੇਜੇਗਾ।

ਹੋਮ ਟੀਮ ਦੇ ਸਾਰੇ ਰੈਫ਼ਰਲਾਂ ਲਈ ਹੋਮ ਟੀਮ ਦੇ ਅੰਦਰ ਪੇਸ਼ੇਵਰ ਮਾਹਰਾਂ ਦੇ ਨਾਲ ਤੁਹਾਡੀ ਜਾਣਕਾਰੀ ਨੂੰ ਸਾਂਝਾ ਕਰਨ ਲਈ ਸਹਿਮਤੀ ਦੀ ਲੋੜ ਹੁੰਦੀ ਹੈ।



# ਹੋਮ ਟੀਮ ਵਿੱਚ ਕੌਣ-ਕੌਣ ਹੁੰਦਾ ਹੈ ਅਤੇ ਉਹ ਕੀ ਕਰਦੇ ਹਨ?

## ਕਮਿਊਨਿਟੀ ਨਰਸਾਂ ਅਤੇ ਸਿਹਤਸੰਭਾਲ ਸਹਾਇਤਾ ਕਰਮੀ

ਕਮਿਊਨਿਟੀ ਨਰਸਾਂ ਅਤੇ ਸਿਹਤਸੰਭਾਲ ਸਹਾਇਤਾ ਕਰਮੀ ਘਰ ਵਿੱਚ ਰਹਿਣ ਵਾਲੇ ਮਰੀਜ਼ਾਂ ਨੂੰ ਜਾਂ ਤਾਂ ਉਨ੍ਹਾਂ ਦੇ ਖੁਦ ਦੇ ਘਰ ਵਿੱਚ ਜਾਂ ਰਿਹਾਇਸ਼ੀ ਘਰ ਵਿੱਚ ਨਰਸਿੰਗ ਦੇਖਭਾਲ ਪ੍ਰਦਾਨ ਕਰਦੇ ਹਨ।

- ਗੰਭੀਰ ਰੂਪ ਵਿੱਚ ਬਿਮਾਰ ਮਰੀਜ਼ਾਂ ਲਈ ਨਰਸਿੰਗ ਦੇਖਭਾਲ
- ਕੁੱਝ ਤਰ੍ਹਾਂ ਦੇ ਆਪਰੇਸ਼ਨ ਤੋਂ ਬਾਅਦ ਦੇਖਭਾਲ
- ਪੈਲੀਏਟਿਵ ਕੇਅਰ ਜਿਸ ਵਿੱਚ ਪਰਿਵਾਰਾਂ ਨੂੰ ਸਹਾਇਤਾ ਅਤੇ ਮੈਰੀ ਕਿਊਰੀ ਨਰਸਿੰਗ ਸਰਵਿਸ ਦਾ ਪ੍ਰਬੰਧ ਕਰਨਾ ਸ਼ਾਮਲ ਹੈ
- ਲੰਮੇ ਸਮੇਂ ਤੱਕ ਬਿਮਾਰੀ ਨਾਲ ਰਹਿਣ ਵਿੱਚ ਤੁਹਾਡੀ ਸਹਾਇਤਾ ਲਈ ਸਲਾਹ ਅਤੇ ਦੇਖਭਾਲ
- ਜ਼ਖ਼ਮਾਂ ਦੀ ਦੇਖਭਾਲ
- ਪਰਹੇਜ਼ ਸੰਬੰਧੀ ਸਮੱਸਿਆਵਾਂ ਬਾਰੇ ਸਲਾਹ

## ਸਮਾਜਕ ਕਰਮੀ ਅਤੇ ਦੇਖਭਾਲ ਕੋਆਰਡੀਨੇਟਰ

ਸਮਾਜਕ ਕਰਮੀ ਅਤੇ ਦੇਖਭਾਲ ਕੋਆਰਡੀਨੇਟਰ ਵੱਧ ਤੋਂ ਵੱਧ ਸਮੇਂ ਲਈ ਘਰ ਵਿੱਚ ਸੁਤੰਤਰ ਰੂਪ ਵਿੱਚ ਰਹਿਣ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਤੁਹਾਡੀਆਂ ਦੇਖਭਾਲ ਸੰਬੰਧੀ ਲੋੜਾਂ ਦਾ ਮੁਲਾਂਕਣ ਕਰਦਾ ਹੈ।

ਉਹ ਤੁਹਾਨੂੰ ਇਸ ਬਾਰੇ ਦੱਸੇਗਾ ਕਿ ਸਵੈ-ਨਿਰਦੇਸ਼ਿਤ ਸਹਾਇਤਾ ਅਧਿਨਿਯਮ ਦੇ ਰਾਹੀਂ ਤੁਹਾਡੀ ਦੇਖਭਾਲ ਕਿਵੇਂ ਕੀਤੀ ਜਾ ਸਕਦੀ ਹੈ ਅਤੇ ਜਿੱਥੇ ਸੰਭਵ ਹੋਵੇ, ਤੁਹਾਡੇ ਪਰਿਵਾਰ, ਦੋਸਤਾਂ ਅਤੇ ਵਿਆਪਕ ਭਾਈਚਾਰੇ ਦੀ ਭੂਮਿਕਾ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਧੂ ਵਿਕਲਪਾਂ ਤੱਕ ਤੁਹਾਡਾ ਮਾਰਗਦਰਸ਼ਨ ਕਰੇਗਾ।

ਜਿੱਥੇ ਇਹ ਚਿੰਤਾਵਾਂ ਹੋਣ ਕਿ ਕਿਸੇ ਵਿਅਕਤੀ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੈ, ਤਾਂ ਜੇਕਰ ਸੰਭਵ ਹੋਵੇ ਤਾਂ ਬਾਲਗ ਸਹਾਇਤਾ ਅਤੇ ਸੁਰੱਖਿਆ ਦੇ ਤਹਿਤ ਜੋਖਿਮਾਂ ਤੋਂ ਸੁਰੱਖਿਅਤ ਰੱਖਣ ਅਤੇ ਘੱਟ ਤੋਂ ਘੱਟ ਕਰਨ ਲਈ ਇੱਕ ਮਾਹਰ ਕਾਊਂਸਿਲ ਅਫ਼ਸਰ ਨਿਯੁਕਤ ਕੀਤਾ ਜਾਵੇਗਾ।

## ਪੁਨਰਯੋਗਤਾ

ਜੇਕਰ ਤੁਸੀਂ ਖ਼ਰਾਬ ਸਿਹਤ, ਸੱਟ ਦੇ ਦੌਰ ਵਿੱਚੋਂ ਗੁਜ਼ਰ ਰਹੇ ਹੋ ਜਾਂ ਅਜਿਹੀ ਬਿਮਾਰੀ ਨਾਲ ਲੜਨ ਦੀ ਕੋਸ਼ਿਸ਼ ਕਰ ਰਹੇ ਹੋ ਜੋ ਘਰ ਵਿਖੇ ਤੁਹਾਡੀ ਜ਼ਿੰਦਗੀ ਨੂੰ ਵਿਵਸਥਿਤ ਕਰਨ ਦੀ ਤੁਹਾਡੀ ਸਮਰੱਥਾ ਨੂੰ ਪ੍ਰਭਾਵਤ ਕਰਦੀ ਹੈ, ਤਾਂ ਥੋੜ੍ਹੇ ਸਮੇਂ ਦੀ ਪੁਨਰਯੋਗਤਾ ਤੁਹਾਡੇ ਲਈ ਹੋ ਸਕਦੀ ਹੈ।

ਪੁਨਰਯੋਗਤਾ ਮਾਹਰ ਤੁਹਾਡੇ ਆਪਣੇ ਘਰ ਵਿੱਚ ਤੁਹਾਡੀ ਪੁਨਰਯੋਗਤਾ ਅਤੇ ਸਹਾਇਤਾ ਲੋੜਾਂ ਦੀ ਪਛਾਣ ਕਰਨ ਲਈ ਮੁਲਾਂਕਣ ਪ੍ਰਦਾਨ ਕਰ ਸਕਦੇ ਹਨ।

ਇਸ ਵਿੱਚ ਸ਼ਾਮਲ ਹੋ ਸਕਦਾ ਹੈ:

- ਵੱਧ ਤੋਂ ਵੱਧ ਸੁਤੰਤਰ ਰੂਪ ਵਿੱਚ ਘਰ ਦੇ ਰੋਜ਼ਾਨਾਂ ਦੇ ਕੰਮਾਂ ਨੂੰ ਪੂਰਾ ਕਰਨਾ
- ਤੁਹਾਡੇ ਘਰ ਦੇ ਮਹੌਲ ਦਾ ਮੁਲਾਂਕਣ ਕਰਨਾ
- ਹੋਰ ਸਮਰਥਨ ਜਾਂ ਉਪਾਵਾਂ ਬਾਰੇ ਸੁਝਾਅ ਦੇਣਾ
- ਲੰਬੇ ਸਮੇਂ ਦੀਆਂ ਦੇਖਭਾਲ ਲੋੜਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਨਾ




## ਫਿਜ਼ੀਓਥੈਰੇਪੀ

ਫਿਜ਼ੀਓਥੈਰੇਪਿਸਟ ਵੱਖ-ਵੱਖ ਤਰ੍ਹਾਂ ਦੀਆਂ ਸਥਿਤੀਆਂ ਦਾ ਇਲਾਜ ਕਰਦੇ ਹਨ। ਉਹ ਕਾਰਜਸਮਰੱਥਾ ਨੂੰ ਸੁਧਾਰਨ ਅਤੇ ਦਰਦ ਨੂੰ ਘੱਟ ਕਰਨ ਦੇ ਸਰੀਰਕ ਤਰੀਕਿਆਂ ਦੀ ਵਰਤੋਂ ਕਰਦੇ ਹਨ।

ਇਸ ਵਿੱਚ ਸ਼ਾਮਲ ਹੋ ਸਕਦਾ ਹੈ:

- ਗਤੀਸ਼ੀਲਤਾ ਦਾ ਮੁਲਾਂਕਣ ਅਤੇ ਚੱਲਣ ਲਈ ਸਹਾਇਕ ਉਪਕਰਣਾਂ ਦੀ ਸਪਲਾਈ ਕਰਨਾ
- ਘੱਟ ਕਾਰਜ ਸਮਰੱਥਾ ਦਾ ਮੁਲਾਂਕਣ ਅਤੇ ਇਲਾਜ
- ਕਸਰਤ ਕਰਨਾ
- ਡਿੱਗਣ ਤੋਂ ਬਚਣ ਲਈ ਸਲਾਹ ਅਤੇ ਨਿਰੰਤਰ ਇਲਾਜ

ਇਹ ਤੁਹਾਡੇ ਖੁਦ ਦੇ ਘਰ ਵਿੱਚ, ਫਿਜ਼ੀਓਥੈਰੇਪੀ ਦੇ ਵਿਭਾਗ ਜਾਂ ਕੇਅਰ ਹੋਮ ਵਿੱਚ ਹੋ ਸਕਦਾ ਹੈ।

## ਵਿਵਸਾਇਕ ਥੈਰੇਪੀ

ਵਿਵਸਾਇਕ ਥੈਰੇਪਿਸਟ ਤੁਹਾਡੀ ਲੋੜ ਅਨੁਸਾਰ ਮੁਲਾਂਕਣ ਪ੍ਰਦਾਨ ਕਰ ਸਕਦੇ ਹਨ।

ਇਸ ਵਿੱਚ ਸ਼ਾਮਲ ਹੋ ਸਕਦਾ ਹੈ:

- ਮੁਲ/ਸਹਾਕ ਉਪਕਰਣਾਂ ਦਾ ਪ੍ਰਬੰਧ
- ਤੁਹਾਡੇ ਮਹੌਲ ਦਾ ਮੁਲਾਂਕਣ
- ਸ਼ਾਵਰ ਅਤੇ ਰੈਂਪ ਵਰਗੇ ਸਿੱਧੇ ਅਨੁਕੂਲਨ ਲਈ ਮੁਲਾਂਕਣ
- ਡਿੱਗਣ ਤੋਂ ਬਚਣ ਲਈ ਸਲਾਹ
- ਮੁੜ-ਵਸੇਬਾ

## ਭਾਈਚਾਰੇ ਨਾਲ ਜੁੜੇ ਕਰਮਚਾਰੀ

ਭਾਈਚਾਰੇ ਨਾਲ ਜੁੜੇ ਕਰਮਚਾਰੀ ਸਮਝਦੇ ਹਨ ਕਿ ਤੁਹਾਡੀਆਂ ਚਿਕਿਤਸਾ ਤੋਂ ਇਲਾਵਾ ਕੋਈ ਹੋਰ ਚਿੰਤਾਵਾਂ ਹੋ ਸਕਦੀਆਂ ਹਨ ਜੋ ਤੁਹਾਡੀ ਸਿਹਤ ਅਤੇ ਤੰਦਰੁਸਤੀ ਉੱਪਰ ਅਸਰ ਪਾਉਂਦੀਆਂ ਹਨ। ਉਦਾਹਰਣ ਲਈ: ਦੇਖਭਾਲ ਦੀਆਂ ਜ਼ਿੰਮੇਵਾਰੀਆਂ, ਰਹਿਣ ਦੇ ਖ਼ਰਚਿਆਂ ਬਾਰੇ ਚਿੰਤਾ ਜਾਂ ਇਕੱਲਾ ਮਹਿਸੂਸ ਕਰਨਾ।

ਭਾਈਚਾਰੇ ਨਾਲ ਜੁੜਿਆ ਕਰਮਚਾਰੀ ਤੁਹਾਡੀ ਸਿਹਤ ਨੂੰ ਪ੍ਰਬੰਧਿਤ ਕਰਨ ਲਈ ਜ਼ਰੂਰੀ ਚੀਜ਼ਾਂ ਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ। ਉਹ ਯੋਜਨਾਵਾਂ ਬਣਾਉਣ ਵਿੱਚ ਅਤੇ ਤੰਦਰੁਸਤ ਰਹਿਣ ਅਤੇ ਆਪਣੀ ਇੱਛਾਨੁਸਾਰ ਜ਼ਿੰਦਗੀ ਜਿਉਣ ਲਈ ਕਦਮ ਚੁੱਕਣ ਵਿੱਚ ਤੁਹਾਡਾ ਸਮਰਥਨ ਕਰ ਸਕਦਾ ਹੈ।

ਉਹ ਭਾਈਚਾਰੇ ਵਿੱਚ ਉਨ੍ਹਾਂ ਲੋਕਾਂ, ਸਥਾਨਾਂ ਅਤੇ ਸਰੋਤਾਂ ਨਾਲ ਜੁੜ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ ਜੋ ਸਹਾਇਤਾ ਕਰ ਸਕਦੇ ਹਨ।

ਉਦਾਹਰਣ ਲਈ:

- ਪੈਸੇ ਅਤੇ ਫਾਇਦੇ ਬਾਰੇ ਸਲਾਹ, ਕਰਜ਼ਾ ਪ੍ਰਬੰਧਨ ਅਤੇ ਬਜਟਿੰਗ
- ਸਥਾਨਕ ਗਤੀਵਿਧੀਆਂ ਅਤੇ ਸਮਾਜਕ ਸਮੂਹ
- ਸਵੈ-ਸਹਾਇਤਾ ਅਤੇ ਸਮਰਥਨ ਸਮੂਹ
- ਦੇਖਭਾਲ ਸੇਵਾਵਾਂ ਅਤੇ ਦੇਖਭਾਲ ਸਹਾਇਤਾ ਸਮੂਹ
- ਸਵੈ-ਸਹਾਇਤਾ ਦੇ ਮੌਕੇ
- ਕੰਮ, ਸਿਖਲਾਈ ਅਤੇ ਸਿੱਖਿਆ ਵਿੱਚ ਸ਼ਾਮਲ ਹੋਣਾ

## ਪੇਸ਼ੈਂਟ ਫਲੋ ਕੋਆਰਡੀਨੇਟਰ

ਪੇਸ਼ੈਂਟ ਫਲੋ ਕੋਆਰਡੀਨੇਟਰ ਇੱਕ ਗੰਭੀਰ ਜਾਂ ਭਾਈਚਾਰਕ ਹਸਪਤਾਲ ਸੈਟਿੰਗ ਤੋਂ ਤੁਹਾਡੀ ਘਰ ਲਈ ਛੁੱਟੀ ਦਾ ਸਮਰਥਨ ਅਤੇ ਸਮਾਯੋਜਨ ਕਰਨ ਵਿੱਚ ਸਹਾਇਤਾ ਕਰੇਗਾ।

ਹਸਪਤਾਲ ਦੀ ਬਹੁ-ਅਨੁਸ਼ਾਸਨੀ ਟੀਮ ਦਾ ਹਿੱਸਾ ਹੋਣ ਦੇ ਨਾਤੇ, ਪੇਸ਼ੈਂਟ ਫਲੋ ਕੋਆਰਡੀਨੇਟਰ ਹਸਪਤਾਲ ਵਿੱਚ ਤੁਹਾਡੇ ਰਹਿਣ-ਸਹਿਣ ਨੂੰ ਅਨੁਕੂਲ ਬਣਾਉਣ ਅਤੇ ਛੁੱਟੀ ਲਈ ਮੈਡੀਕਲ ਰੂਪ ਵਿੱਚ ਯੋਗ ਹੋਣ ਤੋਂ ਬਾਅਦ ਹੋਣ ਵਾਲੀਆਂ ਕੋਈ ਵੀ ਦੇਰੀਆਂ ਨੂੰ ਰੋਕਣ ਲਈ ਕੰਮ ਕਰੇਗਾ। ਉਹ ਸੁਰੱਖਿਅਤ ਰੂਪ ਵਿੱਚ ਤੁਹਾਨੂੰ ਘਰ ਜਾਂ ਕਿਸੇ ਹੋਰ ਦੇਖਭਾਲ ਸੈਟਿੰਗ ਵਿੱਚ ਪਹੁੰਚਾਉਣ ਲਈ ਸਭ ਤੋਂ ਉਪਯੁਕਤ ਸਮਰਥਨ ਦੀ ਪਛਾਣ ਕਰਨ ਵਾਸਤੇ ਹੋਮ ਟੀਮ ਨਾਲ ਮਿਲ ਕੇ ਕੰਮ ਕਰੇਗਾ।

**ਜਦੋਂ ਤੁਹਾਨੂੰ ਹੋਮ ਟੀਮ ਕੋਲ ਰੈਫ਼ਰ ਕਰ ਦਿੱਤਾ ਜਾਂਦਾ ਹੈ, ਤਾਂ ਤੁਹਾਡੀ ਮੁਲਾਕਾਤ ਦੇ ਸੰਬੰਧ ਵਿੱਚ ਕੋਈ ਤੁਹਾਡੇ ਨਾਲ ਸੰਪਰਕ ਕਰੇਗਾ।**

## ਕੋਈ ਟਿੱਪਣੀ, ਚਿੰਤਾ, ਤਾਰੀਫ਼ ਜਾਂ ਸ਼ਿਕਾਇਤ ਹੋਵੇ?

www.nhsdg.co.uk/how-did-we-do/'ਤੇ ਜਾ ਕੇ ਆਨਲਾਈਨ ਹੋਰ ਜਾਣਕਾਰੀ ਪ੍ਰਾਪਤ ਕਰੋ। ਜੇਕਰ ਤੁਸੀਂ ਇੰਟਰਨੈੱਟ ਦੀ ਵਰਤੋਂ ਨਹੀਂ ਕਰਦੇ ਹੋ ਤਾਂ ਤੁਸੀਂ ਸਭ ਤੋਂ ਪਹਿਲਾਂ 01387 272733 'ਤੇ ਮਰੀਜ਼ ਸੇਵਾਵਾਂ ਨੂੰ ਕਾਲ ਕਰ ਸਕਦੇ ਹੋ ਅਤੇ ਉਹ ਤੁਹਾਨੂੰ ਸਲਾਹ ਦੇਣਗੇ।



ਸੰਚਾਰ ਟੀਮ ਦੁਆਰਾ ਸੰਤਬਰ 2023 (v1) ਵਿੱਚ ਤਿਆਰ ਕੀਤਾ